# ਬਾਘ ਤੇ ਸਾਰਸ

ਇੱਕ ਵਾਰ ਇੱਕ ਬੁੱਢੇ ਸਾਰਸ ਨੇ ਬਾਘ ਦੇ ਇੱਕ ਅਨਾਥ ਬੱਚੇ ਨੂੰ ਗੋਦ ਲੈ ਲਿਆ। ਉਸਨੇ ਬਾਘ ਦੇ ਬੱਚੇ ਨੂੰ ਆਪਣੇ ਬੱਚੇ ਦੇ ਨਾਲ ਹੀ ਪਾਲਿਆ। ਦੋਨੋ ਬੱਚੇ ਨਾਲ ਨਾਲ ਪਲਦੇ ਵੱਡੇ ਹੋਏ ਅਤੇ ਚੰਗੇ ਦੋਸਤ ਬਣ ਗਏ। ਇੱਕ ਦਿਨ ਇੱਕ ਵੱਡਾ ਸਾਰਸ ਉੱਥੇ ਆਇਆ ਅਤੇ ਉਸਨੇ ਛੋਟੇ ਸਾਰਸ ਨਾਲ ਲੜਾਈ ਕੀਤੀ। ਛੋਟੇ ਸਾਰਸ ਨੇ ਬਾਘ ਤੋਂ ਮਦਦ ਮੰਗੀ। ਬਾਘ ਦੌੜ ਕੇ ਆਇਆ ਅਤੇ ਉਸਨੇ ਲੜਾਈ ਵਿੱਚ ਵੱਡੇ ਸਾਰਸ ਨੂੰ ਮਾਰ ਦਿੱਤਾ। ਉਸਨੂੰ ਖਾਂਦੇ ਹੋਏ ਜਦੋਂ ਬਾਘ ਨੇ ਸਾਰਸ ਦੇ ਖ਼ੂਨ ਦਾ ਸੁਆਦ ਚੱਖਿਆਂ ਤਾਂ ਉਸਨੂੰ ਪਤਾ ਲੱਗਾ ਕਿ ਸਾਰਸ ਦੇ ਖ਼ੂਨ ਦਾ ਸੁਆਦ ਕਿੰਨਾ ਚੰਗਾ ਹੁੰਦਾ ਹੈ। ਉਹ ਆਪਣੇ ਛੋਟੇ ਦੋਸਤ ਕੋਲ ਗਿਆ ਅਤੇ ਉਸ ਨੂੰ ਵੀ ਮਾਰ ਕੇ ਖਾ ਗਿਆ। ਦੁਸ਼ਟ ਆਦਮੀ ਦਾ ਸੁਭਾਅ ਕਦੀ ਨਹੀਂ ਬਦਲਦਾ।

**ਸਿੱਖਿਆ : ਮਿੱਤਰ ਹਮੇਸ਼ਾ ਸੋਚ ਸਮਝ ਕੇ ਬਣਾਓ।**